BRITISH COLUMBIA HealthLinkBC

Punjabi - Number 60
January 2019

# ਨੈਕਰੋਟਾਈਜ਼ਿੰਗ ਫੈਸ਼ੀਆਈਟਿਸ (ਮਾਸ ਨੂੰ ਖਾਣ ਵਾਲੀ ਬੀਮਾਰੀ)

# Necrotizing Fasciitis (Flesh-Eating Disease)

## ਨੈਕਰੋਟਾਈਜ਼ਿੰਗ ਫੈਸ਼ੀਆਈਟਿਸ (necrotizing fasciitis) ਕੀ ਹੈ?

ਨੈਕਰੋਟਾਈਜ਼ਿੰਗ ਫੈਸ਼ੀਆਈਟਿਸ (*neck*-roe-tie-zing fa-shee-*eye*-tis) ਨੂੰ ਆਮਤੌਰ ਤੇ "ਮਾਸ-ਖਾਣ ਵਾਲੀ ਬੀਮਾਰੀ" ਦੀ ਤਰ੍ਹਾਂ ਜਿਆਦਾ ਜਾਣਿਆ ਜਾਂਦਾ ਹੈ। ਇਹ ਇੱਕ ਬਹੁਤ ਹੀ ਗੰਭੀਰ ਬੈਕਟੀਰੀਆ ਵਾਲਾ ਵਿਗਾੜ ਹੈ ਜੋ ਟਿਸ਼ੂ (tissue) ਜਾਂ ਮਾਸਪੇਸੀਆਂ ਦੇ ਆਸੇ ਪਾਸੇ ਦੇ ਮਾਸ ਰਾਹੀਂ ਤੇਜ਼ੀ ਦੇ ਨਾਲ ਫੈਲਦਾ ਹੈ। ਕੁਝ ਕੇਸਾਂ ਵਿੱਚ 12 ਤੋਂ 24 ਘੰਟਿਆਂ ਦੇ ਵਿੱਚ ਮੌਤ ਹੋ ਸਕਦੀ ਹੈ। ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਨਾਲ ਵਿਗਾੜਗ੍ਰਸਤ ਹੋਣ ਵਾਲੇ 4 ਲੋਕਾਂ ਵਿੱਚੋਂ ਲਗਭਗ 1 ਦੀ ਮੌਤ ਹੋ ਜਾਂਦੀ ਹੈ।

ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਮਾਮੂਲੀ ਜਿਹੀ ਸੱਟ ਜਾਂ ਰਗੜ ਵਿੱਚ ਵਿਗਾੜ ਤੋਂ ਸ਼ੁਰੂ ਹੋ ਸਕਦਾ ਹੈ। ਇਹ ਚਿਕਨਪੌਕਸ ਵਿਗਾੜ ਤੋਂ ਬਾਅਦ ਹੋ ਸਕਦਾ ਹੈ। ਕਈ ਵਾਰੀ ਚਮੜੀ ਦੀ ਕੋਈ ਪ੍ਰਤੱਖ ਜ਼ਖਮ ਜਾਂ ਸੱਟ ਵੀ ਨਹੀਂ ਹੁੰਦੀ।

## ਇਸ ਬਿਮਾਰੀ ਦੇ ਕੀ ਲੱਛਣ ਹਨ?

ਅਕਸਰ ਜ਼ਖਮ ਦੀ ਥਾਂ ਤੇ ਅਚਾਨਕ ਦਰਦ ਅਤੇ ਲਾਲੀ ਦੇ ਨਾਲ ਸੋਜ਼ਸ਼ ਦੀ ਸ਼ੁਰੂਆਤ ਹੋ ਜਾਂਦੀ ਹੈ। ਬੁਖਾਰ ਵੀ ਹੋ ਸਕਦਾ ਹੈ। ਆਮਤੌਰ ਤੇ ਦਰਦ ਉਸ ਤੋਂ ਕਿਧਰੇ ਵੱਧ ਹੁੰਦਾ ਹੈ ਜਿਸ ਦੀ ਆਸ ਤੁਸੀਂ ਉਸ ਕਿਸਮ ਦੇ ਜ਼ਖਮ ਜਾਂ ਸੱਟ ਤੋਂ ਕਰਦੇ ਹੋ। ਕਈ ਵਾਰੀ ਦਰਦ ਜ਼ਖਮ ਤੋਂ ਕੁਝ ਦੂਰੀ ਤੇ ਹੋ ਸਕਦਾ ਹੈ। ਇਹ ਪ੍ਰਭਾਵਤ ਬਾਂਹ, ਲੱਤ ਜਾਂ ਸਰੀਰ ਦੇ ਕਿਸੇ ਹੋਰ ਅੰਗ ਵਿੱਚ ਤੇਜ਼ੀ ਨਾਲ ਫੈਲ ਸਕਦਾ ਹੈ। ਇਸ ਕਿਸਮ ਦੇ ਵਿਗਾੜ ਕਰਕੇ ਗੈਂਗਰੀਨ (gangrene) - ਸਰੀਰ ਦੇ ਇੱਕ ਹਿੱਸੇ ਵਿੱਚ ਟਿਸ਼ੂ ਦੀ ਮੌਤ - ਹੋ ਸਕਦੀ ਹੈ।

## ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਕਿਸ ਕਰਕੇ ਹੁੰਦਾ ਹੈ?

ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਕਈ ਸਾਰੇ ਵੱਖ ਵੱਖ ਬੈਕਟੀਰੀਆ ਕਰਕੇ ਹੋ ਸਕਦਾ ਹੈ। ਇੰਨਾਂ ਵਿੱਚੋਂ ਇੱਕ ਗਰੁਪ ਏ ਸਟ੍ਰੈਪਟੋਕੋਕਸ (group A streptococcus) ਹੈ। ਇਹ ਬੈਕਟੀਰੀਆ ਸਿਹਤਮੰਦ ਲੋਕਾਂ ਦੀ ਚਮੜੀ ਤੇ ਜਾਂ ਨੱਕ ਅਤੇ ਗਲੇ ਦੇ ਅੰਦਰ ਪਾਏ ਜਾਂਦੇ ਹਨ। ਬਹੁਤ ਸਾਰੇ ਲੋਕ ਇੰਨਾਂ ਬੈਕਟੀਰੀਆ ਦੇ ਵਾਹਕ ਹੁੰਦੇ ਹਨ ਪਰ ਬੀਮਾਰ ਨਹੀਂ ਹੁੰਦੇ। ਪਰ, ਇੰਨਾਂ ਬੈਰਟੀਰੀਆ ਕਰਕੇ ਸਟ੍ਰੈਪ ਥਰੋਟ (strep throat), ਸਕਾਰਲੈਟ ਫੀਵਰ (scarlet fever), ਚਮੜੀ ਦੇ ਵਿਗਾੜ ਅਤੇ ਰੂਮੈਟਿਕ ਫੀਵਰ (rheumatic fever) ਵੀ ਹੋ ਸਕਦੇ ਹਨ। ਇਹ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ ਹੈ ਕਿ, ਵਿਰਲੇ ਮੌਕਿਆਂ ਤੇ, ਗਰੁਪ ਏ ਸਟ੍ਰੈਪਟੋਕੋਕਸ (group A streptococcus) ਬੈਰਟੀਰੀਆ ਕਰਕੇ ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਕਿਉਂ ਹੋ ਜਾਂਦਾ ਹੈ। ਪਰ, ਇਹ ਬੈਕਟੀਰੀਆ ਉਹ ਜ਼ਹਿਰ ਬਣਾਉਂਦੇ ਹਨ ਜੋ ਸਿੱਧੇ ਹੀ ਸਰੀਰ ਦੇ ਟਿਸ਼ੂ ਨੂੰ ਨਸ਼ਟ ਕਰ ਦਿੰਦੇ ਹਨ। ਇਹ ਬੈਕਟੀਰੀਆ ਸਰੀਰ ਦੀ ਬਿਮਾਰੀਆਂ ਤੋਂ ਸੁਰੱਖਿਆ ਵਾਲੀ ਪ੍ਰਣਾਲੀ ਦਾ, ਵਿਗਾੜ ਦਾ ਸਾਮ੍ਹਣਾ ਕਰਦੇ ਹੋਏ ਆਪਣੇ ਹੀ ਟਿਸ਼ੂ ਨੂੰ ਨਸ਼ਟ ਕਰਨ ਦਾ ਕਾਰਨ ਵੀ ਬਣਦੇ ਹਨ।

ਗਰੁਪ ਏ ਸਟ੍ਰੈਪਟੋਕੋਕਸ (group A streptococcus) ਬਾਰੇ ਹੋਰ ਜਾਣਕਾਰੀ ਲਈ, HealthLinkBC File #106 ਗਰੁੱਪ ਏ. ਸਟ੍ਰੈਪਟੋਕੋਕਲ ਇਨਫ਼ੈੱਕਸ਼ਨਜ਼ ਦੇਖੋ।

## ਇਹ ਕਿਵੇਂ ਫੈਲਦਾ ਹੈ?

ਗਰੁਪ ਏ ਸਟ੍ਰੈਪਟੋਕੋਕਸ (group A streptococcus) ਬੈਰਟੀਰੀਆ ਵਿਗਾੜਗ੍ਰਸਤ ਵਿਅਕਤੀ ਦੇ ਮੂੰਹ, ਨੱਕ ਜਾਂ ਗਲੇ ਵਿਚਲੀ ਥੁੱਕ ਜਾਂ ਬਲਗਮ ਦੇ ਨਾਲ ਸੰਪਰਕ ਵਿੱਚ ਆਉਣ ਨਾਲ ਫੈਲਦੇ ਹਨ। ਵਿਗਾੜਗ੍ਰਸਤ ਵਿਅਕਤੀ ਨੂੰ ਲੱਛਣ ਹੋ ਸਕਦੇ ਹਨ ਜਾਂ ਨਹੀਂ। ਜਦੋਂ ਇੱਕ ਵਿਗਾੜਗ੍ਰਸਤ ਵਿਅਕਤੀ ਖੰਘਦਾ ਜਾਂ ਛਿੱਕਦਾ ਹੈ, ਤਾਂ ਬੈਕਟੀਰੀਆ ਹਵਾ ਵਿੱਚ ਬੂੰਦਾਂ ਰਾਹੀਂ ਫੈਲਦੇ ਹਨ। ਤੁਸੀਂ ਉਸ ਵੇਲੇ ਵਿਗਾੜਗ੍ਰਸਤ ਹੋ ਸਕਦੇ ਹੋ ਜਦੋਂ ਤੁਸੀਂ ਇੰਨਾਂ ਬੂੰਦਾਂ ਨੂੰ ਸਾਹ ਰਾਹੀਂ ਅੰਦਰ ਲੈਂਦੇ ਹੋ ਜਾਂ ਇੰਨਾਂ ਨਾਲ ਦੂਸ਼ਿਤ ਚੀਜ਼ਾਂ ਨੂੰ ਛੂੰਦੇ ਹੋ ਅਤੇ ਫਿਰ ਆਪਣੀਆਂ ਅੱਖਾਂ ਜਾਂ ਲੇਸਦਾਰ ਝਿੱਲੀਆਂ ਨੂੰ ਛੂੰਦੇ ਹੋ ਜਾਂ ਆਪਣੇ ਹੱਥਾਂ ਨੂੰ ਆਪਣੇ ਮੂੰਹ ਵਿੱਚ ਪਾਉਂਦੇ ਹੋ। ਬੈਕਟੀਰੀਆ, ਨਜ਼ਦੀਕੀ ਨਿਜੀ ਸੰਪਰਕ ਜਿਵੇਂ ਕਿ ਚੁੰਮਣ, ਜਾਂ ਪੀਣ ਵਾਲੇ ਕੱਪ, ਕਾਂਟੇ, ਚਮਚ ਜਾਂ ਸਿਗਰੇਟਾਂ ਸਾਝੀਆਂ ਕਰਨ ਨਾਲ ਵੀ ਫੈਲ ਸਕਦਾ ਹੈ।

ਵਿਗਾੜਗ੍ਰਸਤ ਵਿਅਕਤੀ ਤੋਂ ਇਸ ਨੂੰ ਪ੍ਰਾਪਤ ਕਰਨ ਦੇ ਸਭ ਤੋਂ ਵੱਧ ਖਤਰੇ ਵਾਲੇ ਲੋਕ ਹਨ:

- ਵਿਗਾੜਗ੍ਰਸਤ ਵਿਅਕਤੀ ਦੇ ਨਾਲ ਇੱਕੋ ਘਰ ਵਿੱਚ ਰਹਿਣ ਵਾਲੇ ਲੋਕ
- ਵਿਗਾੜਗ੍ਰਸਤ ਵਿਅਕਤੀ ਦੇ ਨਾਲ ਇੱਕੋ ਕਮਰੇ ਵਿੱਚ ਸੌਣ ਵਾਲੇ ਲੋਕ
- ਵਿਗਾੜਗ੍ਰਸਤ ਵਿਅਕਤੀ ਦੇ ਮੂੰਹ ਜਾਂ ਨੱਕ ਵਿੱਚੋਂ ਨਿਕਲਣ ਵਾਲੇ ਦ੍ਰਵਾਂ ਦੇ ਨਾਲ ਸਿੱਧੇ ਸੰਪਰਕ ਵਿੱਚ ਆਉਣ ਵਾਲੇ ਲੋਕ

## ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਦੀ ਰੋਕਥਾਮ ਕਿਵੇਂ ਕੀਤੀ ਜਾ ਸਕਦੀ ਹੈ?

ਗਰੁਪ ਏ ਸਟ੍ਰੈਪਟੋਕੋਕਲ ਵਿਗਾੜਾਂ ਨੂੰ ਰੋਕਣ ਲਈ ਕੋਈ ਵੀ ਵੈਕਸੀਨ ਨਹੀਂ ਹੈ।ਗਰੁਪ ਏ ਸਟ੍ਰੈਪਟੋਕੋਕਸ (group A streptococcus) ਕਰਕੇ ਹੋਣ ਵਾਲੇ ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਦੇ ਕੇਸਾਂ ਦੇ ਨਜ਼ਦੀਕੀ ਸੰਪਰਕਾਂ (ਉਦਹਾਰਣ ਲਈ, ਜੇ ਤੁਸੀਂ ਉਸੀ ਘਰ ਵਿੱਚ ਰਹਿੰਦੇ ਹੋ) ਲਈ ਐਂਟੀਬਾਇਓਟਿਕਸ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਕਿਉਂਕਿ ਸਟ੍ਰੈਪਟੋਕੋਕਲ ਵਿਗਾੜ ਦੀ ਇਹ ਤੀਬਰ ਕਿਸਮ ਇੰਨੀ ਤੇਜ਼ੀ ਨਾਲ ਵੱਧ ਸਕਦੀ ਹੈ, ਸਭ ਤੋਂ ਚੰਗਾ ਰਸਤਾ ਲੱਛਣਾਂ ਦੇ ਵਾਪਰਦੇ ਹੀ ਮੈਡੀਕਲ ਤਵੱਜੋ ਪ੍ਰਾਪਤ ਕਰਨਾ ਹੈ। ਯਾਦ ਰੱਖੋ, ਇਸ ਬੀਮਾਰੀ ਬਾਰੇ ਇੱਕ ਮਹੱਤਵਪੂਰਨ ਸੁਰਾਗ ਜ਼ਖਮ ਵਾਲੀ ਥਾਂ ਤੇ ਬਹੁਤ ਤੀਬਰ ਦਰਦ ਹੈ।

ਚਮੜੀ ਦੇ ਥਲੇ ਵਾਲੇ ਟਿਸ਼ੂਆਂ ਦੇ ਵਿਗਾੜਗ੍ਰਸਤ ਹੋਣ ਦੇ ਸੰਜੋਗ ਨੂੰ ਘਟਾਉਣ ਲਈ ਮਾਮੂਲੀ ਚੀਰਾਂ ਦਾ ਹਮੇਸ਼ਾ ਚੰਗੀ ਤਰ੍ਹਾਂ ਖਿਆਲ ਰੱਖੋ।ਜੇ ਤੁਹਾਨੂੰ ਛੋਟਾ ਜਿਹਾ ਚੀਰ ਜਾਂ ਜ਼ਖਮ ਹੈ, ਤਾਂ ਉਸ ਨੂੰ ਸਾਬਣ ਵਾਲੇ ਗਰਮ ਪਾਣੀ ਦੇ ਨਾਲ ਚੰਗੀ ਤਰ੍ਹਾਂ ਧੋਵੋ, ਅਤੇ ਪੱਟੀ ਦੇ ਨਾਲ ਸਾਫ ਅਤੇ ਸੁੱਕਾ ਰੱਖੋ।

## ਇਸ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਐਂਟੀਬਾਇਓਟਿਕਸ ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਲਈ ਇਲਾਜ ਦਾ ਮਹੱਤਵਪੂਰਨ ਹਿੱਸਾ ਹਨ। ਪਰ, ਐਂਟੀਬਾਇਓਟਿਕਸ ਆਮਤੌਰ ਤੇ ਆਪਣੇ ਆਪ ਹੀ ਕਾਫੀ ਨਹੀਂ ਹੁੰਦੇ। ਇਹ ਇਸ ਕਰਕੇ ਹੈ ਕਿ ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਸਰੀਰ ਦੇ ਟਿਸ਼ੂ ਤੱਕ ਖ਼ੂਨ ਦੀ ਸਪਲਾਈ ਨੂੰ ਰੋਕ ਦਿੰਦਾ ਹੈ, ਅਤੇ ਐਂਟੀਬਾਇਓਟਿਕਸ ਨੂੰ ਕੰਮ ਕਰਨ ਲਈ ਖ਼ੂਨ ਦੁਆਰਾ ਵਿਗਾੜਗ੍ਰਸਤ ਥਾਂ ਤੱਕ ਲਿਜਾਏ ਜਾਣਾ ਜ਼ਰੂਰੀ ਹੈ।ਐਂਟੀਬਾਇਓਟਿਕਸ ਦੇ ਨਾਲ ਮਿਲਾ ਕੇ ਸਰਜਰੀ, ਆਮ ਇਲਾਜ ਹੈ।

## ਮੇਰੇ ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਹੋਣ ਦੇ ਕਿੰਨੇ ਸੰਜੋਗ ਹਨ?

ਤੁਹਾਡੇ ਗਰੁਪ ਏ ਸਟ੍ਰੈਪਟੋਕੋਕਸ (group A streptococcus) ਕਰਕੇ ਹੋਣ ਵਾਲੇ ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਹੋਣ ਦੇ ਸੰਜੋਗ ਬਹੁਤ ਹੀ ਘੱਟ ਹਨ।ਬੀ.ਸੀ ਵਿੱਚ, ਹਰ ਸਾਲ 1 ਮਿਲੀਅਨ ਵਿੱਚੋਂ ਲਗਭਗ 4 ਲੋਕਾਂ ਨੂੰ ਇਹ ਹੁੰਦਾ ਹੈ। ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਵਾਲੇ ਵਿਅਕਤੀ ਦੇ ਨਾਲ ਨਜ਼ਦੀਕੀ, ਲੰਮੇ ਸਮੇਂ ਦੇ ਸੰਪਰਕ ਵਾਲੇ ਲੋਕਾਂ ਲਈ ਵੀ, ਉਸ ਨਾਲ ਗ੍ਰਸਤ ਹੋਣ ਦਾ ਸੰਜੋਗ ਬਹੁਤ ਘੱਟ ਹੈ।

ਕਈ ਲੋਕਾਂ ਨੂੰ ਇਸ ਬਿਮਾਰੀ ਨਾਲ ਗ੍ਰਸਤ ਹੋਣ ਦਾ ਜਿਆਦਾ ਖਤਰਾ ਹੋਣ ਬਾਰੇ ਪਤਾ ਹੈ।ਟੀਕਿਆਂ ਰਾਹੀਂ ਲਏ ਜਾਣ ਵਾਲੇ ਨਸ਼ਿਆਂ ਦੀ ਵਰਤੋਂ ਜੋਖਮ ਦਾ ਸਭ ਤੋਂ ਵਡਾ ਕਾਰਕ ਹੈ। ਜੋਖਮ ਦੇ ਦੂਸਰੇ ਕਾਰਕਾਂ ਵਿੱਚ ਸ਼ਾਮਲ ਹਨ:

- ਚਮੜੀ ਦੇ ਜ਼ਖਮ (ਸੜਨ ਕਰਕੇ, ਸੱਟ, ਸਰਜਰੀ)
- ਬਿਮਾਰੀ ਜਾਂ ਮੈਡੀਕਲ ਇਲਾਜ ਕਰਕੇ ਸਰੀਰ ਦੀ ਬਿਮਾਰੀਆਂ ਤੋਂ ਸੁਰੱਖਿਆ ਦੀ ਕਮਜ਼ੋਰ ਹੋਈ ਪ੍ਰਣਾਲੀ
- ਚਿਰਕਾਲੀ ਬਿਮਾਰੀਆਂ ਜਿਵੇਂ ਕਿ ਦਿਲ, ਫੇਫੜਿਆਂ ਜਾਂ ਜਿਗਰ ਦੀ ਬਿਮਾਰੀ, ਸ਼ਰਾਬ ਦਾ ਆਦੀ ਹੋਣ ਕਰਕੇ ਜਟਿਲਤਾਵਾਂ ਜਾਂ ਸ਼ੱਕਰ ਰੋਗ
- ਗਰੁਪ ਏ ਸਟ੍ਰੈਪਟੋਕੋਕਸ (group A streptococcus) ਕਰਕੇ ਹੋਣ ਵਾਲੇ ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਵਾਲੇ ਕਿਸੇ ਵਿਅਕਤੀ ਦੇ ਨਾਲ ਹਾਲੀਆ ਨਜ਼ਦੀਕੀ ਸੰਪਰਕ; ਜਾਂ
- ਚਿਕਨਪੌਕਸ

ਹਾਲ ਹੀ ਵਿੱਚ ਹੋਇਆ ਚਿਕਨਪੌਕਸ ਵਿਗਾੜ ਨੈਕਰੋਟਾਈਜ਼ਿੰਗ ਫੈਸ਼ੀਆਈਟਿਸ ਨਾਲ ਗ੍ਰਸਤ ਹੋਣ ਦੇ ਜੋਖਮ ਨੂੰ ਕਾਫੀ ਜਿਆਦਾ ਵਧਾ ਸਕਦਾ ਹੈ।ਹਾਲਾਂਕਿ ਚਿਕਨਪੌਕਸ ਕਰਕੇ ਬਹੁਤ ਸਾਰੇ ਕੇਸ ਨਹੀਂ ਹੁੰਦੇ, ਚਮੜੀ ਦੇ ਸਟ੍ਰੈਪਟੋਕੋਕਸ ਵਿਗਾੜ ਚਿਕਨਪੌਕਸ ਦੀ ਇੱਕ ਜਟਿਲਤਾ ਹੋ ਸਕਦੇ ਹਨ।ਅਜਿਹਾ ਹਰ ਵਿਅਕਤੀ ਜਿਸ ਨੂੰ ਚਿਕਨਪੌਕਸ ਨਹੀਂ ਹੋਇਆ ਹੈ ਜਾਂ ਚਿਕਨਪੌਕਸ (ਵੈਰੀਸੈਲਾ) ਵੈਕਸੀਨ ਨਹੀਂ ਮਿਲੀ ਹੈ ਨੂੰ ਚਿਕਨਪੌਕਸ ਵੈਕਸੀਨ ਪ੍ਰਾਪਤ ਕਰਨੀ ਚਾਹੀਦੀ ਹੈ।ਚਿਕਨਪੌਕਸ ਵੈਕਸੀਨ ਜਾਣਕਾਰੀ ਲਈ, HealthLinkBC File #44b ਚਿਕਨਪੌਕਸ (ਵੈਰੀਸੈਲਾ) ਵੈਕਸੀਨ ਦੇਖੋ।

BC Centre for Disease Control
An agency of the Provincial Health Services Authority